

# ਸਿਆਣਾ ਕਾਂ

ਇੱਕ ਵਾਰੀ ਦੀ ਗੱਲ ਹੈ ਕਿ ਇੱਕ ਰਾਜੇ ਦਾ ਬੜਾ ਸੋਹਣਾ ਬਾਗ਼ ਸੀ। ਬਾਗ਼ ਦੇ ਵਿਚਕਾਰ ਇੱਕ ਵੱਡਾ ਸਾਰਾ ਤਲਾਅ ਸੀ।




ਰਾਜਕੁਮਾਰ ਹਰ ਰੋਜ਼ ਇਸ ਬਾਗ਼ ਵਿੱਚ ਟਹਿਲਦਾ ਸੀ।
ਟਹਿਲਣ ਤੋਂ ਬਾਅਦ ਰਾਜਕੁਮਾਰ ਵਿੱਚ ਇਸ਼ਨਾਨ ਕਰਦਾ ਸੀ



ਤਲਾਅ ਤੋਂ ਕੁਝ ਹਟਵਾਂ ਦੱਖਣ ਦਿਸ਼ਾ ਵੱਲ ਦੇ ਪਾਸੇ ਇੱਕ ਬਹੁਤ ਪੁਰਾਣਾ ਬੋਹੜ ਸੀ। ਇਸੇ ਬੋਹੜ ਦੀ ਖੋੜ ਵਿੱਚ ਇੱਕ ਕਾਂ ਅਤੇ ਕਾਂਉਣੀ ਦਾ ਜੋੜਾ ਰਹਿੰਦਾ ਸੀ।



ਇਸੇ ਬੋਹੜ  ਦੀ ਖੋੜ ਵਿੱਚ ਇੱਕ ਕਾਲਾ ਸੱਪ ਵੀ ਰਹਿੰਦਾ ਸੀ।



ਜਦੋਂ ਵੀ ਕਾਂਉਣੀ ਅੰਡੇ ਦਿੰਦੀ ਤਾਂ ਸੱਪ ਅੱਖ ਬਚਾ ਕੇ ਆਂਡੇ ਪੀ ਜਾਂਦਾ।



ਕਾਂ ਅਤੇ ਕਾਂਉਣੀ ਦੋਵੇਂ ਇਸ ਸੱਪ ਤੋਂ ਬਹੁਤ ਦੁਖੀ ਸਨ। ਪਰ ਜ਼ੋਰਾਵਰ ਸੱਪ ਦਾ ਉਹ ਕੁਝ ਵੀ ਵਿਗਾੜ ਨਹੀਂ ਸੀ ਸਕਦੇ।



ਪੰਛੀਆਂ ਵਿੱਚ ਕਾਂ ਨੂੰ ਸਭ ਤੋਂ ਸਿਆਣਾ ਸਮਝਿਆ ਜਾਂਦਾ ਹੈ। ਕਾਫ਼ੀ ਸੋਚ-ਵਿਚਾਰ ਕਰਨ ਤੋਂ ਬਾਅਦ ਕਾਂ ਨੇ ਇੱਕ ਵਿਓਂਤ ਸੋਚੀ।



ਇੱਕ ਦਿਨ ਜਦੋਂ ਰਾਜਕੁਮਾਰ ਤਲਾਅ ‘ਤੇ ਨਹਾਉਣ ਲਈ ਆਇਆ ਤਾਂ ਕਾਂ ਵੀ ਨੇੜੇ ਦੇ ਰੁੱਖ ‘ਤੇ ਆ ਬੈਠਾ। ਰਾਜ ਕੁਮਾਰ ਨੇ ਹੌਲ਼ੀ- ਹੌਲ਼ੀ ਸਾਰੇ ਕੱਪੜੇ ਲਾਹੇ ਅਤੇ ਗਲ਼ੇ ਵਿੱਚੋਂ ਸੋਨੇ ਦਾ ਹਾਰ ਵੀ ਲਾ ਕੇ ਕੱਪੜਿਆਂ ਉੱਪਰ ਰੱਖ ਦਿੱਤਾ।



ਜਿਉਂ ਹੀ ਰਾਜਾ ਤਲਾਅ 'ਚ ਨਹਾਉਣ ਗਿਆ ਤਾਂ ਕਾਂ ਨੇ ਸੋਨੇ ਦਾ ਹਾਰ ਆਪਣੀ ਚੁੰਝ ਵਿੱਚ ਚੁੱਕ ਲਿਆ ਅਤੇ ਸਹਿਜੇ-ਸਹਿਜੇ ਉੱਡਦਾ ਹੋਇਆ ਬੋਹੜ ਦੇ ਦਰੱਖਤ ਵੱਲ ਵਧਿਆ ਰਾਜੇ ਨੇ ਕਾਂ ਨੂੰ ਹਾਰ ਚੁੱਕਦਿਆਂ ਵੇਖ ਲਿਆ ਸੀ। ਉਸ ਨੇ ਆਪਣੇ ਸਿਪਾਹੀਆਂ ਨੂੰ ਕਾਂ ਦਾ ਪਿੱਛਾ ਕਰਨ ਲਈ ਦੁੜਾਇਆ



ਕਾਂ ਨੇ ਉਹ ਹਾਰ ਸੱਪ ਦੀ ਖੋੜ ਵਿੱਚ ਸੁੱਟ ਦਿੱਤਾ।



ਸਿਪਾਹੀ ਕਾਂ ਦਾ ਪਿੱਛਾ ਕਰਦੇ ਹੋਏ ਬੋਹੜ ਦੇ ਦਰਖ਼ਤ ਹੇਠਾਂ ਪਹੁੰਚ ਗਏ। ਉਨ੍ਹਾਂ ਨੇ ਕਾਂ ਨੂੰ ਹਾਰ ਸੁੱਟਦਿਆਂ ਵੇਖ ਲਿਆ। ਸਿਪਾਹੀਆਂ ਨੇ ਡਾਂਗ ਨਾਲ ਖੋੜ 'ਚੋ ਹਾਰ ਕੱਢਣਾ ਚਾਹਿਆ। ਖ਼ਤਰਾ ਭਾਂਪ ਕੇ ਸੱਪ ਖੋੜ ਵਿੱਚੋਂ ਬਾਹਰ ਨਿਕਲ਼ ਆਇਆ ਰਾਜੇ ਦੇ ਸਿਪਾਹੀਆਂ ਨੇ ਡਾਂਗਾਂ ਮਾਰ-ਮਾਰ ਕੇ ਸੱਪ ਨੂੰ ਮਾਰ ਮੁਕਾਇਆ ਅਤੇ ਹਾਰ ਨੂੰ ਖੋੜ ਵਿੱਚੋਂ ਬਾਹਰ ਕੱਢ ਲਿਆਰਾਜ ਕੁਮਾਰ ਹਾਰ ਪ੍ਰਾਪਤ ਕਰਕੇ ਬਹੁਤ ਖ਼ੁਸ਼ ਹੋਇਆ।



ਕਾਂ ਅਤੇ ਕਾਂਉਣੀ ਬੋਹੜ ਤੇ ਬੈਠੇ ਸਭ ਕੁਝ ਦੇਖ ਰਹੇ ਸਨ।

ਉਹ ਸੱਪ ਨੂੰ ਮਰਿਆ ਵੇਖ ਕੇ ਬਹੁਤ ਖ਼ੁਸ਼ ਹੋਏ।



ਹੁਣ ਉਨ੍ਹਾਂ ਦਾ ਦੁਸ਼ਮਣ ਸਦਾ ਲਈ ਮਰ ਚੁੱਕਿਆ ਸੀ। ਅੱਗੋਂ ਲਈ ਉਨ੍ਹਾਂ ਦੇ ਆਂਡਿਆਂ ਨੂੰ ਕੋਈ ਖ਼ਤਰਾ ਨਹੀਂ ਰਿਹਾ ਸੀ। ਉਹ ਆਪਣੇ ਪਰਿਵਾਰ ਵਿੱਚ ਵਾਧਾ ਕਰ ਸਕਦੇ ਸਨ। ਇਸ ਪਿੱਛੋਂ ਕਾਂ ਨੇ ਆਪਣੀ ਸਿਆਣਪ ਨਾਲ਼ ਆਪਣੇ ਤੋਂ ਤਾਕਤਵਰ ਦੁਸ਼ਮਣ ਨੂੰ ਮਾਰ ਮੁਕਾਇਆ। ਕਾਂ ਅਤੇ ਕਾਂਉਣੀ ਸੁਖੀ-ਸੁਖੀ ਰਹਿਣ ਲੱਗੇ।

ਸਿੱਖਿਆ :- ਮੁਸੀਬਤ ਸਮੇਂ ਸਿਆਣਪ ਹੀ ਕੰਮ ਆਉਂਦੀ ਹੈ

ਜਾਂ

ਸਾਨੂੰ ਮੁਸੀਬਤ ਸਮੇਂ ਘਬਰਾਉਣਾ ਨਹੀਂ ਚਾਹੀਦਾ ਸਗੋਂ ਸਿਆਣਪ ਤੋਂ ਕੰਮ ਲੈਣਾ ਚਾਹੀਦਾ ਹੈ।

ਤਿਆਰ ਕਰਤਾ

ਸੰਦੀਪ ਸਿੰਘ ਪੰਜਾਬੀ ਮਾਸਟਰ

ਸ.ਹ.ਸ. ਭਿੰਡੀ ਔਲਖ ( ਅੰਮ੍ਰਿਤਸਰ )